# Dal Khalsa International

---

**Head Office: Quila Keshgarh Sahib Anandpur (PB.)**

**Your Ref.** **Date: 05.12.90**

ਸਤਿਕਾਰ ਯੋਗ ਵੀਰ ਮਿੱਤਰ ਸੈਨ ਮੀਤ ਜੀਓ

ਪਿਆਰ ਅਤੇ ਸਤਿਕਾਰ ਸਹਿਤ - ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਿਹ।

ਫਤਿਹ ਨੂੰ ਹੀ ਸਾਡੇ ਵੱਲੋਂ ਸਾਥੀ ਦੀ ਲਾਲ ਸਲਾਮ ਸਮਝਣਾ ਕਿਉਂਕਿ ਵੱਖ-ਵੱਖ ਵਿਚਾਰਧਾਰਾਵਾਂ ਦੇ ਧਾਰਨੀ ਹੋਣ ਕਾਰਨ ਆਪਣੇ ਬੋਲ ਭਾਵੇਂ ਵੱਖੋ-ਵੱਖਰੇ ਹਨ ਪਰ ਮੈਂ ਵੱਖਰੇ ਬੋਲਿਆਂ ਕਾਰਨ ਜਾਂ ਵਿਚਾਰਧਾਰਕ ਮਤਭੇਦਾਂ ਨੂੰ ਹੀ ਇਨਕਲਾਬੀ ਰਸਤੇ ਦੀਆਂ ਪਉੜੀਆਂ ਸਮਝਦਾ ਹਾਂ। ਹਾਂ ਗੁਰਬਾਣੀ ਵਿਚ ਵੀ ਗੁਰੂ ਸਾਹਿਬਾਨ ਨੇ ਵਿਚਾਰਧਾਰਕ ਮਤਭੇਦਾਂ ਨੂੰ ਕਬੂਲਦੇ ਹੋਏ ਲਿਖਿਆ ਹੈ 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ'। ਇਸ ਲਈ ਵਿਚਾਰਧਾਰਕ ਮਤਭੇਦ ਇਨਕਲਾਬ ਲਈ ਜੂਝਦੇ ਕਾਫ਼ਲਿਆਂ ਲਈ ਉਦੋਂ ਨਿਸੂਣੇ ਹੋ ਜਾਂਦੇ ਹਨ। ਜਦੋਂ ਮੰਜਲ ਦੀ ਸਾਂਝ ਹੋਵੇ। ਕਿਉਂਕਿ ਤੁਸੀਂ ਵੀ ਕਿਰਤੀ ਕਾਮਿਆਂ ਅਤੇ ਮਿਹਨਤਕਸ਼ਾਂ ਲਈ ਸੂਹੀ ਸਵੇਰ ਲਿਆਉਣ ਖਾਤਰ ਸਾਮਰਾਜੀ ਹਨੇਰਿਆਂ ਨੂੰ ਚੀਰ ਰਹੇ ਹੋ। ਅਸੀਂ ਵੀ ਬ੍ਰਾਹਮਣਵਾਦੀ ਲੁਟੇਰੇ ਅਤੇ ਫਿਰਕੂ ਟੋਲਿਆਂ ਦਾ ਸੱਤਿਆਨਾਸ਼ ਕਰਕੇ ਦਿੱਲੀ ਦੇ ਤਖਤ ਤੇ ਅੱਟਣਾਂ ਭਰੇ ਹੱਥਾਂ ਦਾ ਕਬਜ਼ਾ ਕਰਨ ਲਈ ਜੰਗੇ ਮੈਦਾਨ ਵਿਚ ਜੂਝ ਰਹੇ ਹਾਂ।

ਸਾਹਿਤਕ ਹਲਕਿਆਂ ਵਿਚ ਲੰਮੀ ਚੁੱਪ ਤੋਂ ਬਾਅਦ ਆਪ ਦਾ ਨਾਵਲ 'ਤਫ਼ਤੀਸ਼' ਸਮੇਂ ਦੇ ਸੱਚ ਦਾ ਪਹਿਰੇਦਾਰ ਬਣ ਕੇ ਬਹੁੜਿਆ ਹੈ। ਅਖਬਾਰਾਂ 'ਚ ਆਪ ਦੀ ਇਸ ਕਿਰਤ ਬਾਰੇ ਪੜ੍ਹ ਕੇ ਜਲਦੀ ਤੋਂ ਜਲਦੀ ਇਸ ਨੂੰ ਪੜ੍ਹਿਆ। ਪੜ੍ਹ ਕੇ ਸਭ ਤੋਂ ਪਹਿਲਾਂ ਤਾਂਘ ਹੋਈ ਕਿ ਨ੍ਹੇਰ ਦੇ ਸਾਮਰਾਜ ਦੀ ਦਹਿਸ਼ਤਗਰਦੀ ਅਤੇ ਆਪਣੇ ਰਸਤਿਆਂ ਤੋਂ ਭਟਕ ਚੁੱਕੇ ਇਨਕਲਾਬੀ ਖਾੜਕੂਆਂ ਦੀ ਪੜਚੋਲ ਜਾਂ ਕਹਿਲਾਉ ਨਿੱਗਰ ਸਾਹਿਤਕ ਪੜਚੋਲ ਕਰਨ ਵਾਲੇ ਜੁਝਾਰੂ ਲਿਖਾਰੀ ਦੇ ਦਰਸ਼ਨ ਕਰਾਂ। ਉਹ ਦਰਸ਼ਨ ਵੀ ਨਸੀਬ ਹੋਏ ਸ਼ਾਇਦ 30 ਜੂਨ ਜਾਂ 30 ਜੁਲਾਈ ਵਾਲੇ ਦਿਨ ਜਦੋਂ ਪਲਸ ਮੰਚ ਦਾ ਪ੍ਰੋਗਰਾਮ ਸੀ ਪੰਜਾਬੀ ਭਵਨ ਲੁਧਿਆਣਾ ਵਿਖੇ। ਉਸ ਦਿਨ ਮੈਂ ਖੁਦ ਉਸ ਪ੍ਰੋਗਰਾਮ ਵਿਚ ਹਾਜਰ ਸਾਂ। ਵੀਰ ਜੀਉ ਆਪ ਦੇ ਨਾਵਲ ਬਾਰੇ ਮੈਂ ਕਹਿ ਸਕਦਾ ਹਾਂ ਕਿ ਉਹ ਇੱਕ ਅਮੁੱਲੀ ਕਿਰਤ ਹੈ। ਵਾਹਿਗੁਰੂ ਚੜ੍ਹਦੀ ਕਲਾ ਵਿਚ ਰੱਖੇ ਅਤੇ ਬਲ ਬਖਸ਼ੇ ਕਿ ਗੁਰੂ ਗੋਬਿੰਦ ਦੀ ਕਲਮ ਦੇ ਵਾਰਸ ਹਕੂਮਤੀ ਦਹਿਸ਼ਤਗਰਦੀ ਵਿਰੁੱਧ ਆਪਣੀ ਕਲਮ ਤਪ ਮਨ ਨਾਲ ਜੀਅ ਤੋਂ ਚਲਾਉਣ। ਬਾਬਰ ਨੂੰ ਜਾਬਰ ਆਖਣਾ ਹੀ ਸਮੇਂ ਦੀ ਮੰਗ ਹੈ।

ਉਮੀਦ ਕਰਦਾ ਹਾਂ ਜੁਝਾਰੂ ਸਾਥੀਆਂ ਨੂੰ ਮੇਰੀਆਂ ਗੱਲਾਂ ਤੋਂ ਅਚੰਭਾ ਨਹੀਂ ਹੋਵੇਗਾ ਕਿਉਂਕਿ ਆਪ ਜੀ ਦੇ ਹਲਕਿਆਂ ਵਿਚ ਸਾਡੇ ਬਾਰੇ ਇਹ ਚਰਚਾ ਹੈ ਕਿ ਇਹ ਤਾਂ ਫਿਰਕੂ ਅਤੇ ਲੁਟੇਰੇ ਟੋਲੇ ਹੀ ਹਨ। ਵੀਰ ਜੀ ਦਲ ਖਾਲਸਾ ਨਾਂ ਪਹਿਲਾਂ ਫਿਰਕੂ ਜਾਂ ਲੁਟੇਰਾ ਜਾਂ ਦਰਿੰਦਿਆਂ ਦਾ ਟੋਲਾ ਸੀ ਨਾ ਹੀ ਅੱਜ ਹੀ ਹੈ। ਅਸੀਂ ਸਿਰਫ ਤੇ ਸਿਰਫ ਅੱਜ ਤੱਕ ਉਹ ਹੀ ਐਕਸ਼ਨ ਕੀਤੇ ਹਨ ਜਿਨ੍ਹਾਂ ਨੂੰ ਅੱਤਵਾਦ ਦੇ ਨਾਂ ਨਾਲ ਭ੍ਰਿਸ਼ਟ ਨਾ ਕੀਤਾ ਜਾ ਸਕੇ। ਅਸੀਂ ਇਨਕਲਾਬੀ ਰਾਹਾਂ ਦੇ ਪਾਧੀ ਹਾਂ ਤਾਂ ਹੀ ਅੱਜ ਵਿਲੱਖਣ ਸ਼ਖਸ਼ੀਅਤ ਦੇ ਮਾਲਕ ਹਾਂ। ਅੱਜ ਦੁਨੀਆ ਦਾ ਕੋਈ ਵੀ ਸਖਸ਼ ਦਲ ਖਾਲਸਾ ਤੇ

ਇਹ ਇਲਜ਼ਾਮ ਨਹੀਂ ਲਾ ਸਕਦਾ ਕਿ ਇਸ ਜੱਥੇਬੰਦੀ ਨੇ ਫਲਾਣੇ ਨਿਰਦੋਸ਼ ਦਾ ਕਤਲ ਕੀਤਾ ਜਾਂ ਉਸ ਨੂੰ ਜ਼ਲੀਲ ਕੀਤਾ ਹੈ। ਅਸੀਂ ਹਰ ਉਸ ਸਖਸ਼ ਨੂੰ ਪ੍ਰਵਾਨ ਕਰਦੇ ਹਾਂ ਜੋ ਲੋਟੂ ਢਾਂਚੇ ਨੂੰ ਗੁਰੂਆਂ ਦੇ ਇਨਕਲਾਬੀ ਸਿਧਾਂਤਾਂ ਅਨੁਸਾਰ ਤਹਿਸ ਨਹਿਸ ਕਰਨ ਦਾ ਮੁਦੱਈ ਹੋਵੇ। ਦਲ ਖਾਲਸਾ ਦਾ ਮੈਗਜ਼ੀਨ ਸਿੱਖ ਪਰਿਵਾਰ ਹੀ ਇੱਕ ਅਜਿਹਾ ਪੱਤਰ ਹੈ ਜਿਸ ਨੇ ਇਨਕਲਾਬੀ ਕਵੀ ਪਾਸ਼ ਦਾ ਉਦੋਂ ਵੀ ਡੱਟ ਕੇ ਸਾਥ ਦਿੱਤਾ ਜਦੋਂ ਉਹ ਜਿੰਦਾ ਸਨ ਤੇ ਉਨ੍ਹਾਂ ਦੇ ਕਤਲ ਦੀ ਡੱਟ ਕੇ ਨਿਖੇਧੀ ਕਰਕੇ ਅਸੀਂ ਉਦੋਂ ਵੀ ਸਿੱਖ ਸੰਘਰਸ਼ ਦੀ ਵਿਲੱਖਣਤਾ ਕਾਇਮ ਰੱਖੀ। ਅਪ੍ਰੈਲ ਦੇ ਸਿੱਖ ਪਰਿਵਾਰ (ਕਿਉਂਕਿ ਮਾਰਚ ਵਿਚ ਪਾਸ਼ ਜੀ ਦਾ ਕਤਲ ਹੋਇਆ) ਵਿਚ ਇਸ ਦਾ ਡੱਟ ਕੇ ਵਿਰੋਧ ਕੀਤਾ ਗਿਆ ਸੀ।

**ਨਿਰਵੈਰ ਸਿੰਘ ਨਿਰਭੈ**

Community Communications
2176, Sector 35-C, Chandigarh - 160036. India

Resi. G.S. Chani
225, Sector 16-A,
Chandigarh-160016

27.7.90

ਪਿਆਰੇ ਮੀਤ ਜੀ,

ਤੁਹਾਡਾ ਨਾਵਲ 'ਤਫ਼ਤੀਸ਼' ਪੜ੍ਹਿਆ। ਨਾਵਲ ਬਹੁਤ ਮੁਸ਼ਕਲ ਨਾਲ ਮਿਲਿਆ (ਜੋ ਤੁਸੀਂ ਜੋਗਾ ਸਿੰਘ ਹੋਰਾਂ ਨੂੰ ਕਾਪੀ ਦਿੱਤੀ ਸੀ ਉਹ ਮੈਨੂੰ ਪ੍ਰਤਾਪ ਸ਼ਰਮੇ ਤੋਂ ਦੇਰ ਬਾਦ ਮਿਲੀ।

ਨਾਵਲ ਬਹੁਤ ਅੱਛਾ ਲੱਗਿਆ ਅਤੇ ਫਿਲਮ ਬਣਾਉਣ ਤੇ ਦਿਲ ਕਰ ਰਿਹਾ ਹੈ।

ਅਗਰ ਤੁਸੀਂ ਕਿਸੇ ਨੂੰ ਫਿਲਮ ਵਾਸਤੇ ਨਹੀਂ ਦਿੱਤਾ ਤਾਂ ਮੈਂ 35 ਅਅ ਹਿੰਦੀ 'ਚ ਫਿਲਮ ਬਣਾਉਣੀ ਚਾਹਾਂਗਾ। ਇਹ ਫਿਲਮ ਅੰਤਰ-ਰਾਸ਼ਟਰੀ ਪੱਧਰ ਦੀ ਫਿਲਮ ਹੋਵੇਗੀ।

ਨਾਵਲ ਤੁਸੀਂ ਡਾ:ਰਵੀ ਦੇ ਨਾਂ ਕੀਤਾ ਤਾਂ ਏਸ ਲਈ ਮੈਂ ਤੁਹਾਨੂੰ ਆਪਣੇ ਕਰੀਬ ਮਹਿਸੂਸ ਕਰਦਾ ਹਾਂ।

ਅਗਰ ਚੰਡੀਗੜ੍ਹ ਆ ਸਕੋ ਤਾਂ ਬਹੁਤ ਚੰਗਾ ਹੋਵੇਗਾ। ਨਾਵਲ ਦੀ ਸਿਫਾਰਸ਼ ਰਤਨ ਨੇ ਕੀਤੀ ਸੀ। ਮੈਂ ਚੰਡੀਗੜ੍ਹ ਹੀ ਹਾਂ। ਚਲੋ ਤਬੀਅਤ ਠੀਕ ਨਹੀਂ ਇਸ ਲਈ ਘਰ ਹੀ ਮਿਲਾਂਗਾ।

ਨਾਵਲ ਦੇ ਕੁਝ ਅੰਸ਼ ਮੈਂ ਨੁੱਕੜ ਨਾਟਕ 'ਚ ਵੀ ਕਰਨੇ ਚਾਹਾਂਗਾ।

ਕ੍ਰਿਪਾ ਕਰਕੇ ਆਪਣੀ ਅਨੁਮਤੀ ਭੇਜਣਾ।

**ਚੰਨੀ**

**ਅਤਰ ਸਿੰਘ (ਡਾ.),**
**ਪ੍ਰੋਫੈਸਰ ਅਤੇ ਮੁਖੀ**

**Sheikh Baba Farid Chair of**
**Medieval Indian Literature,**
**Panjab University, Chandigarh.**

ਮਿਤੀ 1.8.91
222/BFC

ਮੇਰੇ ਪਿਆਰੇ ਮਿੱਤਰ ਸੈਨ ਮੀਤ ਜੀ,

ਸਭ ਤੋਂ ਪਹਿਲਾਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਚੁਣੇ ਜਾਣ ਤੇ ਮੇਰੀ ਵਧਾਈ। ਇਹ ਇੱਕ ਖੁਸ਼ੀ ਦੀ ਗੱਲ ਹੈ ਕਿ ਤੁਹਾਡੇ ਵਰਗੇ ਰਚਨਾਤਮਕ ਪ੍ਰਤਿਭਾ ਨਾਲ ਵਰੋਸਾਏ ਹੋਏ ਵਿਅਕਤੀ ਵੀ ਇਸ ਚੋਣ ਵਿਚ ਦਿਲਚਸਪੀ ਲੈਣ- ਆਪਣੇ ਤਜਰਬੇ ਦੇ ਆਧਾਰ ਤੇ ਮੇਰੀ ਰਾਇ ਤੁਹਾਨੂੰ ਇਹ ਹੀ ਹੋਣੀ ਸੀ ਕਿ ਇਹ ਸਮਾਂ ਤੁਹਾਡੀ ਅਦਭੁੱਤ ਪ੍ਰਤਿਭਾ ਦੇ ਅਨੰਤ ਦਿਸ਼ਾਵੀ ਵਿਕਾਸ ਦਾ ਸਮਾਂ ਹੈ ਤੇ ਇਸ ਨੂੰ ਇਸ ਤਰ੍ਹਾਂ ਦੇ ਜੱਥੇਬੰਦਕ ਕੰਮਾਂ ਵਿਚ ਨਾ ਗੁਆਉ।

ਤੇਰੇ ਨਾਵਲ 'ਤਫ਼ਤੀਸ਼' ਬਾਰੇ ਬੜਾ ਕੁਝ ਲਿਖਣ ਨੂੰ ਚਿੱਤ ਕਰਦਾ ਹੈ ਪਰ ਹਾਲਾਤ ਦੀਆਂ ਕੁਝ ਐਸੀਆਂ ਮਜਬੂਰੀਆਂ ਹਨ ਜਿਨ੍ਹਾਂ ਕਰਕੇ ਅਜਿਹਾ ਕਰਨ ਤੋਂ ਫਿਲਹਾਲ ਅਸਮਰੱਥ ਹਾਂ।

ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ 'ਤਫ਼ਤੀਸ਼' ਨਾਵਲ ਪੰਜਾਬੀ ਨਾਵਲ ਦੀ ਮੁੱਖ ਧਾਰਾ ਨੂੰ ਇੱਕ ਨਵੀਂ ਦਿਸ਼ਾ ਵੱਲ ਮੋੜਦਾ ਹੈ, ਉਚੇਚੇ ਮਨੋਰਥਵਾਦ ਦੀ ਥਾਂ ਮਾਨਵਵਾਦੀ ਸੰਵੇਦਨਾ ਵੱਲ, ਨਾਅਰੇਬਾਜੀ ਦੀ ਥਾਂ ਮਨੁੱਖੀ ਸੱਚ ਦੀ ਪਛਾਣ ਅਤੇ ਇਸ ਦੇ ਘੋਰ ਦੁਖਾਂਤ ਵੱਲ। ਵੈਸੇ ਤਾਂ ਪੰਜਾਬੀ ਨਾਵਲ ਦੇ ਖੇਤਰ ਵਿਚ ਗੁਰਦਿਆਲ ਸਿੰਘ ਤੋਂ ਪਿੱਛੋਂ ਕਈ ਕੁਸ਼ਲ ਨਾਵਲਕਾਰਾਂ ਨੇ ਇਸ ਨੂੰ ਨਵੇਂ ਵਿਸਥਾਰ ਤੇ ਪਾਸਾਰ ਪ੍ਰਦਾਨ ਕੀਤੇ ਹਨ। ਖਾਸ ਤੌਰ ਤੇ ਕਰਮਜੀਤ ਕੁੱਸਾ, ਨਿੰਦਰ ਗਿੱਲ, ਗੁਰਮੁਖ ਸਿੰਘ ਸਹਿਗਲ, ਸ.ਸੋਜ ਨੇ। ਪਰ 'ਤਫ਼ਤੀਸ਼' ਲਈ ਜੋ ਸਥਾਨ ਨਿਸ਼ਚਿਤ ਹੋਇਆ ਹੈ, ਉਹ ਅਲੌਕਿਕ ਅਤੇ ਬੇਮਿਸਾਲ ਹੈ।

ਉਰਦੂ ਦੇ ਪ੍ਰਸਿੱਧ ਬਜ਼ੁਰਗ ਕਵੀ ਜਸਟਿਸ ਆਨੰਦ ਨਰਾਇਣ ਮੁਲਾ ਨੇ ਆਪਣੇ ਅਲਾਹਾਬਾਦ ਹਾਈ ਕੋਰਟ ਦੇ ਇੱਕ ਅਦਾਲਤੀ ਫੈਸਲੇ ਵਿਚ ਭਾਰਤੀ ਪੁਲਿਸ ਨੂੰ ਅਪਰਾਧੀਆਂ ਦਾ ਸਭ ਤੋਂ ਵੱਧ ਸੰਯੋਜਿਤ ਸੰਗਠਨ ਕਿਹਾ ਹੈ। ਪ੍ਰੰਤੂ ਇਹ ਸਭ ਕਹਿਣ ਦੀਆਂ ਗੱਲਾਂ ਹਨ। ਮਿੱਤਰ ਸੈਨ ਮੀਤ ਨੂੰ ਇਹ ਸੱਚ ਆਪਣੇ ਨਿੱਜੀ ਅਨੁਭਵ ਤੋਂ ਪ੍ਰਾਪਤ ਹੋਇਆ ਹੈ ਤੇ ਉਸ ਨੇ ਇਸ ਨੂੰ ਬੇਬਾਕੀ ਨਾਲੋਂ ਵੱਧ ਬਾਰੀਕ-ਬੀਨੀ ਨਾਲ ਦੇਖਿਆ, ਮਹਿਸੂਸ ਕੀਤਾ ਤੇ ਚਿਤਰਿਆ ਹੈ। ਉਸ ਲਈ ਇਹ ਇੱਕ ਖੋਖਲਾ ਨਾਅਰਾ ਨਹੀਂ, ਇੱਕ ਨਿਕਟ-ਵਿਆਪੀ ਸੰਤਾਪ ਹੈ। ਇਸ ਨਾਵਲ ਦੀ ਖ਼ੂਬੀ ਇਸ ਗੱਲ ਵਿਚ ਹੈ ਕਿ ਲੇਖਕ ਕਿਤੇ ਵੀ ਰਚਨਾਤਮਕ ਸੰਜਮ ਦਾ ਪੱਲਾ ਨਹੀਂ ਛੱਡਦਾ। ਅਤੇ ਆਪਣੇ ਬਿਰਤਾਂਤ ਨੂੰ ਉਸੇ ਕਠੋਰਤਾ ਤੇ ਨਿਰਮਮਤਾ ਨਾਲ ਉਸਾਰਦਾ ਹੈ ਜੋ ਉਸ ਦੇ ਪਾਤਰਾਂ ਦੀ ਜ਼ਿੰਦਗੀ ਦਾ ਸਿੱਧ-ਪੁੱਠ ਹਨ। ਇਸ ਨਾਵਲ ਨਾਲ ਸਬੰਧਤ ਕੋਈ ਵੀ ਵਿਅਕਤੀ ਨਿਰਾ ਵਿਅਕਤੀ ਨਹੀਂ ਉਹ ਕਿਸੇ ਨਾ ਕਿਸੇ ਸੰਸਥਾ ਜਾਂ ਸੱਚ ਦਾ ਪ੍ਰਤੀਕ ਵੀ ਹੈ। ਠਾਣਾ, ਸਰਕਾਰੀ ਵਕੀਲ, ਰਾਜਨੀਤਕ ਨੇਤਾ, ਵਿਅਕਤੀ ਨਹੀਂ ਸੰਸਥਾਵਾਂ ਹਨ, ਜਿਹੜੀਆਂ ਭ੍ਰਸ਼ਟ ਹੋ ਕੇ ਅੰਦਰੋਂ ਖੁਰ ਚੁੱਕੀਆਂ ਹਨ ਅਤੇ ਬਾਹਰਲੀ ਜ਼ਾਹਰਦਾਰੀ ਬਾਰੇ ਵੀ ਕੋਈ ਬਹੁਤੀਆਂ ਚਿੰਤਾਤੁਰ ਨਹੀਂ। ਇਹ ਸੰਸਥਾਵਾਂ ਆਪਣੀ

ਅੰਨ੍ਹੀ ਬੋਲੀ ਸ਼ਕਤੀ ਦੇ ਨਸ਼ੇ ਵਿਚ ਚੂਰ ਹੋ ਕੇ ਆਪਣਾ ਮੂਲ ਸਮਾਜਕ ਦਾਇਤੱਵ ਤਾਂ ਗੁਆ ਹੀ ਚੁੱਕੀਆਂ ਹਨ, ਆਪਣੇ ਝੂਠੇ ਕਾਰਿਆਂ ਤੋਂ ਇਨ੍ਹਾਂ ਨੂੰ ਕੋਈ ਸ਼ਰਮ ਵੀ ਨਹੀਂ ਰਹੀ। ਨਾਵਲ ਵਿਚ ਇਹ ਸੰਸਥਾਵਾਂ ਨਾਵਲ ਦੇ ਬਿਰਤਾਂਤ ਤੋਂ ਅੱਡ ਰਹਿ ਕੇ ਨਿਰੀਆਂ ਅਜਾਇਬ ਘਰ ਦੀਆਂ ਵਸਤਾਂ ਨਹੀਂ ਰਹੀਆਂ ਸਗੋਂ ਜਿਉਂਦੇ ਪਾਤਰਾਂ ਦਾ ਰੂਪ ਧਾਰਨ ਕਰ ਗਈਆਂ ਹਨ। ਜੋ ਆਪਣੀ ਸਾਰੀ ਵਿਕਰਾਲਤਾ ਸਹਿਤ ਮਨੁੱਖ ਦੀ ਹੋਣੀ ਨੂੰ ਵੀ ਘੜਦੀਆਂ, ਢਾਲਦੀਆਂ ਅਤੇ ਮਲੀਆਮੇਟ ਕਰਦੀਆਂ ਹਨ।

ਮੇਰੀ ਇਹ ਧਾਰਨਾ ਰਹੀ ਹੈ ਕਿ ਉਨ੍ਹੀਵੀਂ ਸਦੀ ਦੇ ਰੂਸੀ ਨਾਵਲ ਨੇ ਪੰਜਾਬੀ, ਖਾਸ ਤੌਰ ਤੇ ਮਾਲਵੇ ਦੇ ਪੰਜਾਬੀ ਨਾਵਲਕਾਰਾਂ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਤੁਰਜਨੀਫ, ਦਸਤਉਵਸਕੀ, ਟਾਲਸਟਾਏ ਅਤੇ ਵੀਹਵੀਂ ਸਦੀ ਦੇ ਆਰੰਭ ਦੀ ਗਲਪ ਵਿਚ ਚੈਖਵ ਤੇ ਗੋਰਕੀ ਦੀਆਂ ਰਚਨਾਵਾਂ ਵਿਚ ਜਿਸ ਰੂਸੀ ਯਥਾਰਥਵਾਦ ਨੂੰ ਕਲਾਸਕੀ ਦਰਜਾ ਪ੍ਰਾਪਤ ਹੋਇਆ ਹੈ, ਉਸ ਦੇ ਬਿਲਕੁਲ ਸਮਾਨਵਰਤੀ ਪੰਜਾਬੀ ਦੇ ਨਾਵਲ ਕਾਣੇ ਪੰਜਾਬ ਦੀ ਜ਼ਮੀਰ ਦੇ ਗਿਆਤਾ ਤੇ ਗਵਾਹ ਦੇ ਰੂਪ ਵਿਚ ਮਾਨਵਤਾਵਾਦੀ ਅਦਾਲਤ ਵਿਚ ਆਪਣੀ ਗਵਾਹੀ ਭੁਗਤ ਰਹੇ ਹਨ। ਹਜ਼ਾਰ ਕਾਰਨ ਸਨ ਕਿ ਮਿੱਤਰ ਸੈਨ ਮੀਤ ਇਹ ਨਾਵਲ ਨਾ ਲਿਖਦਾ, ਉਹ ਖੁਦ ਉਸ ਵਿਵਸਥਾ ਦਾ ਇੱਕ ਅੰਗ ਹੈ ਜਿਸ ਨੂੰ ਉਸ ਨੇ ਇਸ ਨਾਵਲ ਵਿਚ ਚਿਤਰਿਆ ਹੈ। ਫਿਰ ਪੁਲਿਸ, ਰਾਜਨੀਤਕ ਨੇਤਾ ਅਤੇ ਨਵੇਂ ਸਰਮਾਏਦਾਰ ਕਿਸ ਤਰ੍ਹਾਂ ਮਿਲ ਕੇ ਇੱਕ ਝੂਠ ਤੋਂ ਹਜ਼ਾਰਾਂ ਝੂਠ ਘੜਦੇ, ਨਸ਼ਰ ਕਰਦੇ ਤੇ ਸੱਚ ਦੇ ਰੂਪ ਵਿਚ ਨਿਭਾਉਂਦੇ ਹਨ ਅਤੇ ਕਿਵੇਂ ਦੋ ਮਾਸੂਮ ਅਤੇ ਮਜ਼ਲੂਮ 'ਪਾਲਾ' ਤੇ 'ਮੀਤਾ' ਅਨਿਆਂ ਦੀ ਇਸ ਚੱਕੀ ਵਿਚ ਬੇ-ਦਾਦੋ ਫਰਿਆਦ ਪਿਸ ਜਾਂਦੇ ਹਨ। ਨਾਵਲ ਦਾ ਮੂਲ ਨੈਤਿਕ-ਤੱਤ ਇਨ੍ਹਾਂ ਕਠੋਰ ਸੱਚਾਈਆਂ ਤੇ ਟਿਕਿਆ ਹੋਇਆ ਹੈ।

ਇੱਕ ਨਾਵਲੀ ਕਿਰਤ ਵਜੋਂ 'ਤਫ਼ਤੀਸ਼' ਦੀ ਇੱਕ ਵਡਿਆਈ ਇਹ ਵੀ ਹੈ ਕਿ ਇਹ ਨਾਵਲ ਤੱਤਕਾਲੀ ਉਤੇਜਨਾ ਨੂੰ ਸਭਕਾਲੀ ਪ੍ਰਸੰਗ ਪ੍ਰਦਾਨ ਕਰਦਾ ਹੈ। ਇਸ ਦੀ ਘਟਨਾ ਦਾ ਸਬੰਧ ਸਮਕਾਲੀ ਪੰਜਾਬ ਦੇ ਮਹਾਂ-ਰੁਦਨ ਦੇ ਸੱਚ ਨਾਲ ਹੈ ਪਰ ਨਾਵਲ ਦਾ ਅਰਥ ਸਮੁੱਚੇ ਭਾਰਤ ਦੇ ਹੀ ਨਹੀਂ ਸਗੋਂ ਜਿੱਥੇ ਵੀ ਕੋਈ ਮਨੁੱਖ ਵਸਿਆ ਹੈ ਜਾਂ ਵੱਸਦਾ ਹੈ, ਉੱਥੇ ਰਾਜ ਤੇ ਵਿਅਕਤੀ ਦੀ ਅਨਿਵਾਰੀ ਟੱਕਰ ਦਾ ਮਾਰਮਿਕ ਬਣ ਗਿਆ ਹੈ। ਅਪਰਾਧ ਤੇ ਦੰਡ, ਨਿਆਂ ਤੇ ਅਨਿਆਂ, ਰਾਜ ਤੇ ਵਿਅਕਤੀਗਤ ਸੁਤੰਤਰਤਾ, ਕਰਤੱਵ ਤੇ ਕਿਰਦਾਰ ਸੰਵੇਦਨਸ਼ੀਲ ਵਿਅਕਤੀ ਦੀ ਇਕੱਲਤਾ ਤੇ ਸਮੂਹਕ ਭੀੜ ਦੀ ਨਿਰਵਿਸ਼ੇਸ਼ਤਾ ਦੇ ਦਵੰਦਾਂ ਨੂੰ ਲੇਖਕ ਨੇ ਇਸ ਕਲਾਕਾਰੀ ਨਾਲ ਉਸਾਰਿਆ ਹੈ ਕਿ ਕਿਤੇ ਵੀ ਕੋਈ ਵਿਹਲ ਜਾਂ ਵਿਕਾਰ ਨਜ਼ਰ ਨਹੀਂ ਆਉਂਦਾ। ਤੇ ਫਿਰ ਨਿਰੋਲ ਪਾਠਕ ਦੇ ਪੱਖ ਤੋਂ ਇਹ ਰਚਨਾ ਇਤਨੀ ਰੌਚਿਕ ਅਤੇ ਜਗਿਆਸਾ ਭਰਪੂਰ ਹੈ ਕਿ ਇੱਕ ਵਾਰੀ ਸ਼ੁਰੂ ਕਰਕੇ ਨਾਵਲ ਅੰਤ ਤੱਕ ਪੜ੍ਹੇ ਬਿਨ੍ਹਾਂ ਚੈਨ ਨਈਂ ਆਉਂਦਾ। ਤੇ ਮੁਕਾ ਕੇ ਵੀ ਕਿਹੜਾ ਚੈਨ ਆਉਂਦਾ ਹੈ। ਪਾਲਾ ਤੇ ਮੀਤਾ ਤੇ ਗੁਰਮੀਤ ਅਤੇ ਬਾਬਾ ਗੁਰਦਿੱਤ ਸਿੰਘ ਦਾ ਸੰਤਾਪ ਹੋਰ ਅਨੇਕ ਮਨੁੱਖੀ ਪ੍ਰਸ਼ਨਾਂ ਨੂੰ ਨਿਰਾਰਥਕ ਬਣਾ ਕੇ ਪਾਠਕ ਨੂੰ ਆਪਣੀ ਸੱਚ ਦੀ ਘੜੀ ਦੇ ਪੇਸ਼ ਹੋਣ ਨੂੰ ਟੁੰਬਦਾ ਹੈ ਤਾਂ ਜੋ ਘੱਟੋ-ਘੱਟ ਉਹ ਆਪਣੀ ਕੱਜਣਹੀਣ ਕਾਇਰਤਾ ਦੇ ਰੂਬਰੂ ਹੋ ਸਕੇ।

ਸਨੇਹ ਸਹਿਤ,

ਤਫ਼ਤੀਸ਼ ਦੇ ਜਸ਼ਨ ਵਿਚ ਤੇਰਾ ਸਾਥੀ,

**ਅਤਰ ਸਿੰਘ**

ਸ੍ਰੀ ਮਿੱਤਰ ਸੈਨ ਮੀਤ,

68, ਅਸ਼ੋਕ ਨਗਰ, ਲੁਧਿਆਣਾ।